THE TIMES OF PUNJAB
ਚੰਡੀਗੜ੍ਹ
28 ਅਗਸਤ 2026
ਸ਼ੁੱਕਰਵਾਰ
ਸਾਲ -17ਵਾਂ
ਅੰਕ -234
PRICE : ₹ 3.00
E-MAIL:- ceo@r19media.com , info@r19media.com
PHONE NO:- +91-91159-7033, +91-63062-63062

SARRANJIT BAINS
C.E.O & FOUNDER

www.R19media.com

REGISTRATION NO.
PB-07-0001837

ਪੰਜਾਬੀਅਤ ਦਾ ਪਹਿਰੇਦਾਰ
ਰੋਜ਼ਾਨਾ

ਦਾ ਟਾਈਮਜ਼ ਆਫ਼ ਪੰਜਾਬ

ਨਿਰਪੱਖ ਪੱਤਰਕਾਰੀ, ਹਰ ਖ਼ਬਰ–ਬੇਖ਼ੌਫ਼ ਅੰਦਾਜ਼

ਨੇਪਾਲ ਵਿੱਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 400 ਦੇ ਕਰੀਬ ਹੋਈ

ਹੜ੍ਹਾਂ ਵਿੱਚ ਲਗਪਗ 1300 ਤੋਂ ਵੱਧ ਲੋਕ ਲਾਪਤਾ



ਕਾਠਮਾਂਡੂ, 27 ਅਗਸਤ: ਨੇਪਾਲ ਵਿੱਚ ਬੁੱਧਵਾਰ ਨੂੰ ਆਏ ਭਿਆਨਕ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 400 ਹੋ ਗਈ ਹੈ। ਪੁਲੀਸ ਨੇ ਇਹ ਜਾਣਕਾਰੀ ਦਿੱਤੀ। ਪੁਲੀਸ ਨੇ ਵੀਰਵਾਰ ਨੂੰ ਦੱਸਿਆ ਕਿ ਬਚਾਅ ਟੀਮਾਂ ਨੇ ਪ੍ਰਭਾਵਿਤ ਜਿਲ੍ਹਿਆਂ ਵਿੱਚੋਂ ਹੋਰ ਲਾਸ਼ਾਂ ਬਰਾਮਦ ਕੀਤੀਆਂ ਹਨ, ਜਿਸ ਤੋਂ ਬਾਅਦ ਮ੍ਰਿਤਕਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਤਿੱਬਤ ਤੋਂ ਅਚਾਨਕ ਆਏ ਭਿਆਨਕ ਹੜ੍ਹਾਂ ਨੇ ਬੁੱਧਵਾਰ ਨੂੰ ਮੱਧ ਨੇਪਾਲ ਦੇ ਕਈ ਕਸਬਿਆਂ ਅਤੇ ਪਿੰਡਾਂ ਵਿੱਚ ਭਾਰੀ ਤਬਾਹੀ ਮਚਾਈ। ਹੜ੍ਹ ਦੇ ਤੇਜ ਵਹਾਅ ਵਿੱਚ ਮਹੱਤਵਪੂਰਨ ਪੁਲ ਰੁੜ੍ਹ ਗਏ ਅਤੇ ਲਗਪਗ ਇੱਕ ਦਰਜਨ ਪਣ-ਬਿਜਲੀ ਪ੍ਰਾਜੈਕਟ ਠੱਪ ਹੋ ਗਏ। ਹੜ੍ਹਾਂ ਦਾ ਪਾਣੀ ਕਈ ਜਿਲ੍ਹਿਆਂ ਵਿੱਚ ਫੈਲ ਗਿਆ। ਨੇਪਾਲ ਫੌਜ ਅਤੇ ਹੋਰ ਸੁਰੱਖਿਆ ਏਜੰਸੀਆਂ ਰਸੁਵਾ, ਧਾਦਿੰਗ, ਨੁਵਾਕੋਟ ਅਤੇ ਚਿਤਵਨ ਸਮੇਤ ਹੜ੍ਹ ਪ੍ਰਭਾਵਿਤ ਜਿਲ੍ਹਿਆਂ ਵਿੱਚ ਖੋਜ ਅਤੇ ਬਚਾਅ ਮੁਹਿੰਮ ਚਲਾ ਰਹੀਆਂ ਹਨ। ਨੇਪਾਲ ਪੁਲੀਸ ਦੇ ਬੁਲਾਰੇ ਅਭਿ ਨਾਰਾਇਣ ਕਾਫਲੇ ਦੇ ਅਨੁਸਾਰ, ਚਿਤਵਨ ਜਿਲ੍ਹੇ ਵਿੱਚੋਂ ਸਭ ਤੋਂ ਵੱਧ 132 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਹੜ੍ਹ ਰਸੁਵਾ ਅਤੇ ਹੋਰ ਜਿਲ੍ਹਿਆਂ ਵਿੱਚੋਂ ਹੁੰਦੇ ਹੋਏ ਤ੍ਰਿਸ਼ੂਲੀ ਅਤੇ ਨਾਰਾਇਣੀ ਨਦੀ ਦੇ ਰਸਤੇ ਹੇਠਲੇ ਇਲਾਕਿਆਂ ਵਿੱਚ ਪਹੁੰਚਿਆ, ਜਿਸ ਨਾਲ ਪਣ-ਬਿਜਲੀ ਪ੍ਰਾਜੈਕਟਾਂ, ਬਸਤੀਆਂ, ਸੜਕਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ। ਅੰਕੜਿਆਂ ਅਨੁਸਾਰ, ਅਚਾਨਕ ਆਏ ਹੜ੍ਹਾਂ ਵਿੱਚ ਲਗਪਗ 1,300 ਤੋਂ ਵੱਧ ਲੋਕ ਲਾਪਤਾ ਹਨ, ਜਿਨ੍ਹਾਂ ਵਿੱਚੋਂ 590 ਸੈਲਾਨੀ ਹਨ। ਉੱਥੇ ਹੀ ਨਵੀਂ ਦਿੱਲੀ ਵਿੱਚ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਲਾਪਤਾ ਲੋਕਾਂ ਵਿੱਚ 288 ਭਾਰਤੀ ਸ਼ਾਮਲ ਹਨ। ਨੇਪਾਲੀ ਅਧਿਕਾਰੀਆਂ ਦੁਆਰਾ ਕੀਤੇ ਗਏ ਸ਼ੁਰੂਆਤੀ ਮੁਲਾਂਕਣਾਂ ਅਤੇ ਅਮਰੀਕੀ ਭੂ-ਵਿਗਿਆਨਕ ਸਰਵੇਖਣ ਦੁਆਰਾ ਸੋਧੇ ਹੋਏ ਵਿਸ਼ਲੇਸਣ ਦੇ ਅਨੁਸਾਰ, ਗਲੇਸ਼ੀਅਰ ਡਿੱਗਣ ਜਾਂ ਬਰਫ ਖਿਸਕਣ ਕਾਰਨ ਵਿਨਾਸ਼ਕਾਰੀ ਹੜ੍ਹ ਆਏ। ਬਰਫ ਖਿਸਕਣ ਨੇ ਭੋਟੇ ਕੋਸੀ ਦੀ ਸਹਾਇਕ ਨਦੀ ਲਹੇਂਡੇ ਨਦੀ ਦੇ ਵਹਾਅ ਨੂੰ ਰੋਕ ਦਿੱਤਾ ਅਤੇ ਹੜ੍ਹ ਪਹਿਲਾਂ ਚੀਨ ਸਰਹੱਦ ਦੇ ਨੇੜੇ ਰਸੁਵਾਗਧੀ ਦੇ ਤਿਮੁਰੇ ਖੇਤਰ ਵਿੱਚ ਆਇਆ।

ਹੜ੍ਹਤਾਲ 'ਤੇ ਗਏ ਕਰਮਚਾਰੀਆਂ 'ਤੇ ਸਖ਼ਤ ਐਕਸ਼ਨ ਦੀ ਤਿਆਰੀ 'ਚ ਹੈ 'ਪੰਜਾਬ ਸਰਕਾਰ'



ਚੰਡੀਗੜ੍ਹ, 27 ਅਗਸਤ (ਵਿਸ਼ੇਸ਼ ਪ੍ਰਤੀਨਿਧ): ਹੜ੍ਹਤਾਲ 'ਤੇ ਗਏ ਸਰਕਾਰੀ ਮੁਲਾਜ਼ਮਾਂ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਪੰਜਾਬ ਸਰਕਾਰ ਗੈਰ ਹਾਜ਼ਰ ਰਹੇ ਕਰਮਚਾਰੀਆਂ ਉੱਪਰ ਕਾਰਵਾਈ ਕਰਨ ਜਾ ਰਹੀ ਹੈ। ਸਰਕਾਰ ਨੇ ਗ਼ੈਰ ਹਾਜ਼ਰ ਕਰਮਚਾਰੀਆਂ ਦੀ ਸੂਚੀ ਮੰਗੀ ਹੈ ਤੇ ਅਧਿਕਾਰੀਆਂ ਨੂੰ ਸੂਚੀ ਤਿਆਰ ਕਰਨ ਦੇ ਹੁਕਮ ਜਾਰੀ ਕੀਤੇ ਹਨ। ਅਧਿਕਾਰੀਆਂ ਨੂੰ ਅੱਜ ਹੀ ਸੂਚੀ ਸੌਂਪਣੀ ਹੋਵੇਗੀ।

ਖੇਡਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰਧਾਨ ਮੰਤਰੀ ਮੋਦੀ ਨੇ ਨੌਜਵਾਨਾਂ ਨੂੰ ਕੀਤੀ ਅਪੀਲ

ਪਲੇਅਸਟੇਸ਼ਨਾਂ ਨਾਲੋਂ ਖੇਡਾਂ ਦੇ ਮੈਦਾਨ ਜਿਆਦਾ ਮਹੱਤਵਪੂਰਨ: ਮੋਦੀ




ਨਵੀਂ ਦਿੱਲੀ, 27 ਅਗਸਤ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਭਾਰਤ ਦੇ ਨੌਜਵਾਨਾਂ ਨੂੰ ਖੇਡਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਬਹੁਤ ਜਿਆਦਾ ਸਕ੍ਰੀਨ ਟਾਈਮ (ਫੋਨ ਜਾਂ ਕੰਪਿਊਟਰ ਦੀ ਵਰਤੋਂ) ਤੋਂ ਹਟ ਕੇ ਬਾਹਰ ਖੇਡੀਆਂ ਜਾਣ ਵਾਲੀਆਂ ਖੇਡਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ 'ਤੇ ਜੋਰ ਦਿੱਤਾ। ਵੀਡੀਓ ਕਾਨਫਰੰਸਿੰਗ ਜਰੀਏ 'ਖੇਡੋ ਇੰਡੀਆ ਡਾਇਲਾਗ' ਦੌਰਾਨ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਪੀ.ਐੱਮ.ਮੋਦੀ ਨੇ ਕਿਹਾ ਕਿ ਪੜ੍ਹਾਈ ਅਤੇ ਕਰੀਅਰ ਦੀ ਯੋਜਨਾਬੰਦੀ ਦੇ ਨਾਲ-ਨਾਲ ਖੇਡਾਂ ਨੂੰ ਵੀ ਲਗਾਤਾਰ ਸਥਾਨ ਮਿਲ ਰਿਹਾ ਹੈ, ਜੋ ਕਿ ਭਾਰਤ ਦੇ ਖੇਡ ਭਵਿੱਖ ਪ੍ਰਤੀ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ,"ਜਦੋਂ ਕਰੀਅਰ ਅਤੇ ਪੜ੍ਹਾਈ ਲਈ ਸਮਾਂ-ਸਾਰਣੀ (ਟਾਈਮ ਟੇਬਲ) ਬਣਾਈ ਜਾਂਦੀ ਹੈ, ਤਾਂ ਖੇਡਾਂ ਨੂੰ ਵੀ ਇਸ ਵਿੱਚ ਆਪਣੀ ਜਗ੍ਹਾ ਮਿਲ ਰਹੀ ਹੈ।

ਇਹ ਉਸ ਬਦਲਾਅ ਕਾਰਨ ਹੈ ਜਿਸ ਨਾਲ ਭਾਰਤ ਦਾ ਆਪਣੇ ਖੇਡ ਭਵਿੱਖ ਵਿੱਚ ਵਿਸ਼ਵਾਸ ਵਧ ਰਿਹਾ ਹੈ।" ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਸਕੂਲਾਂ ਨੂੰ ਖੇਡਾਂ ਨੂੰ ਸਿਰਫ ਇੱਕ ਸਹਿ-ਪਾਠਕ੍ਰਮ (ਕੋ-ਕਰ੍ਰਿਕੁਲਰ) ਗਤੀਵਿਧੀ ਵਜੋਂ ਨਹੀਂ ਦੇਖਣਾ ਚਾਹੀਦਾ, ਸਗੋਂ ਇਸ ਨੂੰ ਵਿਦਿਆਰਥੀਆਂ ਦੇ ਰੋਜਾਨਾ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਮੋਦੀ ਨੇ ਕਿਹਾ,"ਖੇਡ ਸਭਿਆਚਾਰ ਉਦੋਂ ਬਣਦਾ ਹੈ ਜਦੋਂ ਸਕੂਲ ਖੇਡਾਂ ਦੇ ਪੀਰੀਅਡ ਨੂੰ ਸਹਿ-ਪਾਠਕ੍ਰਮ ਗਤੀਵਿਧੀ ਨਹੀਂ, ਸਗੋਂ ਜਿਉਣ ਦਾ ਇੱਕ ਤਰੀਕਾ ਸਮਝਦੇ ਹਨ। ਇਸ ਤਰ੍ਹਾਂ ਪ੍ਰਤਿਭਾ ਦਾ ਪੂਲ ਤਿਆਰ ਹੁੰਦਾ ਹੈ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਦਾ ਸਾਥ ਵੀ ਮਿਲਦਾ ਹੈ।" ਨੌਜਵਾਨਾਂ ਵਿੱਚ ਸਮਾਰਟਫੋਨ, ਕੰਪਿਊਟਰ ਅਤੇ ਗੇਮਿੰਗ ਕੰਸੋਲ ਦੀ ਵਧਦੀ ਵਰਤੋਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ,"ਸਕ੍ਰੀਨਾਂ ਨਾਲੋਂ ਖੇਡ ਕੇਂਦਰ ਜਿਆਦਾ ਜਰੂਰੀ ਹਨ। ਪਲੇਅਸਟੇਸ਼ਨਾਂ ਨਾਲੋਂ ਖੇਡਾਂ ਦੇ ਮੈਦਾਨ ਜਿਆਦਾ ਮਹੱਤਵਪੂਰਨ ਹਨ। ਇਹ ਤੱਦ ਹੀ ਸੰਭਵ ਹੋਵੇਗਾ ਜਦੋਂ ਸਾਡੇ ਨੌਜਵਾਨ ਇਸ ਸੋਚ ਨੂੰ ਅੱਗੇ ਵਧਾਉਣਗੇ।" ਮੋਦੀ ਨੇ ਲਚਕੀਲੇਪਣ (ਮਜਬੂਤੀ) ਅਤੇ ਮੁਕਾਬਲੇ ਦੀ ਭਾਵਨਾ ਨੂੰ ਵਿਕਸਤ ਕਰਨ ਵਿੱਚ ਖੇਡਾਂ ਦੀ ਭੂਮਿਕਾ ਨੂੰ ਵੀ ਰੇਖਾਂਕਿਤ ਕੀਤਾ।

ਉਨ੍ਹਾਂ ਕਿਹਾ,"ਅਸੀਂ ਅਕਸਰ ਸੁਣਦੇ ਹਾਂ ਕਿ ਇੱਕ ਸਿਹਤਮੰਦ ਸਮਾਜ, ਇੱਕ ਚੰਗੇ ਪਰਿਵਾਰਕ ਸਿਸਟਮ ਅਤੇ ਬਿਹਤਰ ਕੰਮ ਸਭਿਆਚਾਰ ਲਈ ਖਿਡਾਰੀ ਦੀ ਭਾਵਨਾ (ਸਪੋਰਟਸਮੈਨ ਸਪਿਰਟ) ਬਹੁਤ ਜਰੂਰੀ ਹੈ ਅਤੇ ਖੇਡ ਦੇ ਮੈਦਾਨ ਵਿੱਚ ਗਏ ਬਿਨ੍ਹਾਂ ਇਸ ਭਾਵਨਾ ਨੂੰ ਸਿੱਖਣਾ ਬਹੁਤ ਮੁਸਕਲ ਹੈ।"

ਸਿੱਖਸ ਫਾਰ ਜਸਟਿਸ ਦੇ ਸਲਾਹਕਾਰ 'ਗੁਰਪਤਵੰਤ ਪੰਨੂ' ਦੀ ਜਾਨ ਨੂੰ ਮੁੜ ਖਤਰਾ, ਅਮਰੀਕੀ ਜਾਂਚ ਏਜੰਸੀ ਨੇ ਚਿਤਾਵਨੀ ਕੀਤੀ ਜਾਰੀ



ਵਾਸ਼ਿੰਗਟਨ, 27 ਅਗਸਤ: ਸਿੱਖਸ ਫਾਰ ਜਸਟਿਸ ਦੇ ਸਲਾਹਕਾਰ ਅਤੇ ਖਾਲਿਸਤਾਨ ਰੈਫਰੈਂਡਮ ਮੁਹਿੰਮ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਅਮਰੀਕੀ ਜਾਂਚ ਏਜੰਸੀ ਅਤੇ ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਸਨੇ ਉਸਨੂੰ ਉਸਦੀ ਜਾਨ ਨੂੰ ਦਰਪੇਸ਼ ਇੱਕ ਨਵੇਂ ਅਤੇ ਭਰੋਸੇਯੋਗ ਖਤਰੇ ਬਾਰੇ ਚਿਤਾਵਨੀ ਦਿੱਤੀ ਹੈ। ਐਸੋਸੀਏਟਿਡ ਪ੍ਰੈੱਸ ਦੀ ਰਿਪੋਰਟ ਮੁਤਾਬਕ 629 ਦੇ ਅਧਿਕਾਰੀਆਂ ਨੇ 12 ਅਗਸਤ ਨੂੰ ਗੁਰਪਤਵੰਤ ਸਿੰਘ ਪੰਨੂੰ ਨਾਲ ਮੁਲਾਕਾਤ ਕਰਕੇ ਉਸਨੂੰ ਖਤਰਾ ਦੂਰ ਹੋਣ ਤੱਕ ਯਾਤਰਾ ਤੋਂ ਗੁਰੇਜ ਕਰਨ ਦੀ ਸਲਾਹ ਦਿੱਤੀ। ਉਸਨੂੰ ਇਹ ਵੀ ਕਿਹਾ ਗਿਆ ਕਿ ਜੇ ਕਿਸੇ ਜਰੂਰੀ ਕਾਰਨ ਕਰਕੇ ਯਾਤਰਾ ਕਰਨੀ ਪਵੇ ਤਾਂ ਸਫਰ ਤੋਂ ਪਹਿਲਾਂ 629 ਨੂੰ ਸੂਚਿਤ ਕੀਤਾ ਜਾਵੇ। ਇਸ ਤੋਂ ਬਾਅਦ RCMP ਨੇ ਵੀ ਮੰਗਲਵਾਰ ਨੂੰ ਫੋਨ ਰਾਹੀਂ ਉਸਨੂੰ ਇਸ ਖਤਰੇ ਬਾਰੇ ਚੌਕਸ ਕੀਤਾ। ਹਾਲਾਂਕਿ, ਦੋਵਾਂ ਏਜੰਸੀਆਂ ਨੇ ਧਮਕੀ ਦੇ ਸਰੋਤ, ਇਸ ਪਿੱਛੇ ਕਥਿਤ ਵਿਅਕਤੀਆਂ ਜਾਂ ਸੰਭਾਵਿਤ ਤਰੀਕੇ ਬਾਰੇ ਜਨਤਕ ਤੌਰ 'ਤੇ ਕੋਈ ਵਿਸਥਾਰ ਨਹੀਂ ਦਿੱਤਾ। ਪੰਨੂੰ ਅਨੁਸਾਰ ਇਹ ਚਿਤਾਵਨੀ ਅਮਰੀਕਾ ਦੇ (Duty to Warn) ਪ੍ਰਬੰਧ ਤਹਿਤ ਦਿੱਤੀ ਗਈ ਹੈ। ਇਸ ਪ੍ਰਬੰਧ ਅਧੀਨ ਅਮਰੀਕੀ ਏਜੰਸੀਆਂ ਕਿਸੇ ਵਿਅਕਤੀ ਵਿਰੁੱਧ ਕਤਲ, ਅਗਵਾ ਜਾਂ ਗੰਭੀਰ ਸ਼ਰੀਰਕ ਨੁਕਸਾਨ ਦੇ ਭਰੋਸੇਯੋਗ ਅਤੇ ਖਾਸ ਖਤਰੇ ਦੀ ਜਾਣਕਾਰੀ ਮਿਲਣ 'ਤੇ ਉਸਨੂੰ ਸੁਚੇਤ ਕਰਦੀਆਂ ਹਨ। ਇਹ ਤਾਜਾ ਘਟਨਾਕ੍ਰਮ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਭਾਰਤੀ ਨਾਗਰਿਕ ਨਿਖਿਲ ਗੁਪਤਾ ਅਮਰੀਕਾ ਵਿੱਚ ਪੰਨੂੰ ਦੀ ਹੱਤਿਆ ਦੀ ਸਾਜਿਸ਼ ਨਾਲ ਸਬੰਧਤ ਤਿੰਨਾਂ ਦੋਸ਼ਾਂ 'ਮਰਡਰ ਫਾਰ ਹਾਇਰ, ਇਸ ਦੀ ਸਾਜਿਸ਼ ਅਤੇ ਮਨੀ ਲਾਂਡਰਿੰਗ ਦੀ ਸਾਜਿਸ਼ ਵਿੱਚ ਦੋਸ਼ ਕਬੂਲ ਕਰ ਚੁੱਕਾ ਹੈ। ਅਮਰੀਕੀ ਅਦਾਲਤ ਵੱਲੋਂ ਉਸਨੂੰ ਹੁਣ 20 ਨਵੰਬਰ 2026 ਨੂੰ ਸਜਾ ਸੁਣਾਈ ਜਾਣੀ ਹੈ। ਅਮਰੀਕੀ ਨਿਆਂ ਵਿਭਾਗ ਮੁਤਾਬਕ ਇਹ ਸਾਜਿਸ਼ 2023 ਵਿੱਚ ਰਚੀ ਗਈ ਸੀ ਅਤੇ ਗੁਪਤਾ ਨੇ ਜਿਸ ਵਿਅਕਤੀ ਨੂੰ ਕਥਿਤ ਕਾਤਲ ਸਮਝ ਕੇ ਸੰਪਰਕ ਕੀਤਾ, ਉਹ ਅਸਲ ਵਿੱਚ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨਾਲ ਜੁੜਿਆ ਹੋਇਆ ਸੀ।

ਨਵਾਜ ਸ਼ਰੀਫ ਨੇ ਇਫਤਿਖਾਰ ਗਿਲਾਨੀ ਨੂੰ ਪੀ.ਓ.ਕੇ ਦੇ 'ਪ੍ਰਧਾਨ ਮੰਤਰੀ' ਦੇ ਅਹੁਦੇ ਲਈ ਕੀਤਾ ਨਾਮਜ਼ਦ



ਲਾਹੌਰ, 27 ਅਗਸਤ: ਪਾਕਿਸਤਾਨ ਦੀ ਸੱਤਾਧਾਰੀ ਪਾਰਟੀ ਦੇ ਮੁਖੀ ਨਵਾਜ ਸ਼ਰੀਫ ਨੇ ਬੈਰਿਸਟਰ ਇਫਤਿਖਾਰ ਗਿਲਾਨੀ ਨੂੰ ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ (ਪੀ.ਓ.ਕੇ) ਦੇ ਤਥਾਕਥਿਤ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਾਮਜ਼ਦ ਕੀਤਾ ਹੈ। ਪਾਰਟੀ ਦੇ ਇੱਕ ਸੀਨੀਅਰ ਨੇਤਾ ਨੇ ਵੀਰਵਾਰ ਨੂੰ ਇਸਦਾ ਐਲਾਨ ਕੀਤਾ। ਇਸ ਖੇਤਰ ਦੀ ਤਥਾਕਥਿਤ ਵਿਧਾਨ ਸਭਾ ਲਈ ਚੋਣਾਂ 27 ਜੁਲਾਈ, 2 ਅਗਸਤ ਅਤੇ 3 ਅਗਸਤ ਨੂੰ ਤਿੰਨ ਪੜਾਵਾਂ ਵਿੱਚ ਹੋਈਆਂ। ਇਨ੍ਹਾਂ ਚੋਣਾਂ ਵਿੱਚ ਹਿੰਸਕ ਵਿਰੋਧ ਪ੍ਰਦਰਸ਼ਨ ਅਤੇ ਵਿਆਪਕ ਧਾਂਦਲੀ ਦੇ ਦੋਸ਼ ਲੱਗੇ। ਵਿਧਾਨ ਸਭਾ ਵੱਲੋਂ ਸ਼ੁੱਕਰਵਾਰ ਨੂੰ ਪੀ.ਓ.ਕੇ ਦੇ ਤਥਾਕਥਿਤ ਪ੍ਰਧਾਨ ਮੰਤਰੀ ਦੀ ਚੋਣ ਕੀਤੇ ਜਾਣ ਦੀ ਉਮੀਦ ਹੈ। ਪਾਕਿਸਤਾਨ ਮੁਸਲਿਮ ਲੀਗ-ਨਵਾਜ (ਪੀ.ਐਮ.ਐਲ-ਐਨ) ਦੇ ਇੱਕ ਸੀਨੀਅਰ ਨੇਤਾ ਨੇ ਦੱਸਿਆ ਕਿ ਗਿਲਾਨੀ, ਜੋ ਚੋਣ ਹਾਰ ਗਏ ਸਨ, ਪਰ ਬਾਅਦ ਵਿੱਚ ਟੈਕਨੋਕਰੇਟਸ ਲਈ ਰਾਖਵੀਂ ਸੀਟ ਤੋਂ ਵਿਧਾਨ ਸਭਾ ਲਈ ਚੁਣੇ ਗਏ ਸਨ, ਨੂੰ ਨਵਾਜ ਸ਼ਰੀਫ ਦੀ ਸਿਫਾਰਸ਼ 'ਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਅੰਤਿਮ ਰੂਪ ਦਿੱਤਾ ਗਿਆ ਹੈ। ਪੀ.ਓ.ਕੇ ਵਿਧਾਨ ਸਭਾ ਵਿੱਚ ਕੁੱਲ 53 ਸੀਟਾਂ ਹਨ। ਇਨ੍ਹਾਂ ਵਿੱਚੋਂ 45 ਸੀਟਾਂ ਸਿੱਧੇ ਤੌਰ 'ਤੇ ਚੁਣੀਆਂ ਜਾਂਦੀਆਂ ਹਨ, ਜਦੋਂ ਕਿ ਅੱਠ ਔਰਤਾਂ, ਟੈਕਨੋਕਰੇਟਸ ਅਤੇ ਧਾਰਮਿਕ ਵਿਦਵਾਨਾਂ ਲਈ ਰਾਖਵੀਆਂ ਹਨ। ਪੀ.ਐਮ.ਐਲ-ਐਨ ਨੇਤਾ ਨੇ ਕਿਹਾ ਕਿ ਤਿੰਨ ਵਾਰ ਪ੍ਰਧਾਨ ਮੰਤਰੀ ਰਹੇ ਨਵਾਜ ਸ਼ਰੀਫ ਨੇ ਇਹ ਫੈਸਲਾ ਪ੍ਰਧਾਨ ਮੰਤਰੀ ਸਾਹਬਾਜ ਸ਼ਰੀਫ, ਪੀ.ਐਮ.ਐਲ-ਐਨ ਦੇ ਖੇਤਰੀ ਪ੍ਰਧਾਨ ਸ਼ਾਹ ਗੁਲਾਮ ਕਾਦਿਰ, ਸਾਬਕਾ ਖੇਤਰੀ ਪ੍ਰਧਾਨ ਮੰਤਰੀ ਰਾਜਾ ਫਾਰੂਕ ਹੈਦਰ ਅਤੇ ਹੋਰ ਨੇਤਾਵਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਲਿਆ। ਗਿਲਾਨੀ ਨੂੰ ਮੁਜੱਫਰਾਬਾਦ ਹਲਕੇ ਵਿੱਚ ਪਾਕਿਸਤਾਨ ਪੀਪਲਜ ਪਾਰਟੀ ਦੇ ਉਮੀਦਵਾਰ ਸਰਦਾਰ ਮੁਖਤਾਰ ਅਹਿਮਦ ਖਾਨ ਅੱਬਾਸੀ ਨੇ ਹਰਾਇਆ। ਅਸੈਂਬਲੀ ਆਪਣੀ ਪੂਰੀ 53 ਮੈਂਬਰੀ ਤਾਕਤ ਤੋਂ ਬਿਨਾਂ ਇੱਕ ਨਵਾਂ ਪ੍ਰਧਾਨ ਮੰਤਰੀ ਚੁਣੇਗੀ। ਸਿੱਧੇ ਤੌਰ 'ਤੇ ਚੁਣੀਆਂ ਗਈਆਂ 45 ਸੀਟਾਂ ਵਿੱਚੋਂ ਸੱਤ ਪੁੰਛ ਜਿਲ੍ਹੇ ਵਿੱਚ ਪੰਜ ਅਤੇ ਸੁਧਾਨੁਤੀ ਜਿਲ੍ਹੇ ਵਿੱਚ ਦੋ 'ਤੇ ਚੋਣਾਂ ਨਹੀਂ ਹੋ ਸਕੀਆਂ। ਅਧਿਕਾਰੀਆਂ ਨੇ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਕਾਰਨ ਦੱਸਿਆ। ਭਾਰਤ ਦਾ ਮੰਨਣਾ ਹੈ ਕਿ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਪੂਰੇ ਕੇਂਦਰ ਸ਼ਾਸਤ ਪ੍ਰਦੇਸ਼ ਇਸਦੇ ਅਨਿੱਖੜਵੇਂ ਅਤੇ ਅਟੁੱਟ ਹਿੱਸੇ ਹਨ।

ਐਨਫੋਰਸਮੈਂਟ ਡਾਇਰੈਕਟੋਰੇਟ (54) ਨੇ IAS ਅਧਿਕਾਰੀ ਕੰਵਲਪ੍ਰੀਤ ਬਰਾੜ ਤੋਂ 7 ਘੰਟੇ ਪੁੱਛਗਿੱਛ ਕੀਤੀ

ਜਲੰਧਰ, 27 ਅਗਸਤ (ਵਿਸ਼ੇਸ਼ ਪ੍ਰਤੀਨਿਧ) : ਐਨਫੋਰਸਮੈਂਟ ਡਾਇਰੈਕਟੋਰੇਟ ਦੇ ਜੋਨਲ ਦਫਤਰ ਵਿਖੇ ਦੂਜੀ ਪੇਸ਼ੀ ਦੌਰਾਨ, ਆਈ.ਏ.ਐੱਸ ਅਧਿਕਾਰੀ ਕੰਵਲਪ੍ਰੀਤ ਬਰਾੜ ਤੋਂ ਸਨਟੈਕ ਸਿਟੀ ਅਤੇ ਔਲਟਸ ਸਪੇਸ ਬਿਲਡਰਜ ਪ੍ਰਾਈਵੇਟ ਲਿਮਟਿਡ ਪ੍ਰਾਜੈਕਟਾਂ ਵਿੱਚ ਕਥਿਤ ਉਲੰਘਣਾਵਾਂ ਦੇ ਸਬੰਧ 'ਚ ਸੱਤ ਘੰਟੇ ਤੋਂ ਵੱਧ ਸਮੇਂ ਤੱਕ ਪੁੱਛਗਿੱਛ ਕੀਤੀ ਗਈ। ਕੰਵਲਪ੍ਰੀਤ ਬਰਾੜ ਸਵੇਰੇ 9:55 ਵਜੇ ਈ.ਡੀ ਦਫਤਰ ਪਹੁੰਚੀ ਅਤੇ ਸ਼ਾਮ 5:15 ਵਜੇ ਤੋਂ ਬਾਅਦ ਬਾਹਰ ਆਈ। ਉਹ ਪਿਛਲੀ ਵਾਰ 18 ਅਗਸਤ ਨੂੰ ਈ.ਡੀ ਦਫਤਰ ਵਿੱਚ ਹਾਜਰ ਹੋਏ ਸਨ ਜਦੋਂ ਜਾਂਚ ਏਜੰਸੀ ਦੇ ਅਧਿਕਾਰੀਆਂ ਨੇ ਉਨ੍ਹਾਂ ਤੋਂ ਸਾਢੇ ਅੱਠ ਘੰਟੇ ਤੋਂ ਵੱਧ ਸਮੇਂ ਤੱਕ ਪੁੱਛਗਿੱਛ ਕੀਤੀ ਸੀ। ਉਨ੍ਹਾਂ ਨੂੰ ਗ੍ਰੇਟਰ ਮੁਹਾਲੀ ਏਰੀਆ ਡਿਵਲਪਮੈਂਟ ਅਥਾਰਟੀ ਦੀਆਂ ਦੋ ਯੋਜਨਾਵਾਂ ਨਾਲ ਸਬੰਧਤ ਹੋਰ ਦਸਤਾਵੇਜ ਲਿਆਉਣ ਲਈ ਕਿਹਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਅੱਜ ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਜਵਾਬ ਦੇਣ ਲਈ ਜੋ ਜਿਆਦਾਤਰ ਸਵਾਲ ਪੁੱਛੇ ਗਏ, ਉਹ ਸਨਟੈਕ ਸਿਟੀ ਦੀ ਜਮੀਨ ਦੀ ਵਰਤੋਂ ਵਿੱਚ ਤਬਦੀਲੀ ਨੂੰ ਅੰਸ਼ਕ ਤੌਰ 'ਤੇ ਰੱਦ ਕਰਨ ਅਤੇ ਔਲਟਸ ਸਪੇਸ ਬਿਲਡਰਜ ਪ੍ਰਾਜੈਕਟਾਂ ਦੇ ਲੇਆਉਟ ਬਦਲਾਵਾਂ ਨਾਲ ਸਬੰਧਤ ਸਨ। 2007 ਬੈਚ ਦੀ ਪੰਜਾਬ ਕਾਡਰ ਦੀ ਆਈ.ਏ.ਐੱਸ ਅਧਿਕਾਰੀ ਇਸ ਸਮੇਂ ਪੰਜਾਬ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਸਕੱਤਰ ਵਜੋਂ ਸੇਵਾ ਨਿਭਾ ਰਹੀ ਹੈ।

ਪੰਜਾਬੀ ਗਾਇਕ ਰਵਿੰਦਰ ਗਰੇਵਾਲ 92 ਲੱਖ ਦੀ ਠੱਗੀ ਦਾ ਹੋਏ ਸ਼ਿਕਾਰ



ਚੰਡੀਗੜ੍ਹ, 27 ਅਗਸਤ: ਪੰਜਾਬ ਦੇ ਮਸ਼ਹੂਰ ਗਾਇਕ ਰਵਿੰਦਰ ਗਰੇਵਾਲ ਨਾਲ 92 ਲੱਖ ਰੁਪਏ ਦੀ ਲੈਂਡ ਕਰੂਜਰ ਕਾਰ ਦੇ ਨਾਂ 'ਤੇ ਧੋਖਾਧੜੀ ਦੇ ਮਾਮਲੇ ਵਿੱਚ ਮੋਹਾਲੀ ਅਤੇ ਦਿੱਲੀ ਦੇ 5 ਕਾਰ ਡੀਲਰਾਂ ਖਿਲਾਫ ਲੁਧਿਆਣਾ ਦੇ ਦੁਗਰੀ ਥਾਣੇ ਵਿੱਚ ਦਰਜ ਕੀਤੀ ਗਈ ਹੈ। ਗਾਇਕ ਦਾ ਦੋਸ਼ ਹੈ ਕਿ ਅਜੇ ਨਿਵਾਸੀ ਮੋਹਾਲੀ ਤੇ ਅਨਮੋਲ ਸਹਿਗਲ ਨਿਵਾਸੀ ਨਵੀਂ ਦਿੱਲੀ, ਮਨਦੀਪ ਉਰਫ ਮੋਨੂੰ ਅਤੇ ਪ੍ਰਵੀਨ ਨਿਵਾਸੀ ਨਾਲੂਮਲ ਨੇ ਉਨ੍ਹਾਂ ਨਾਲ ਕਾਰ ਦੀ ਖਰੀਦੋ ਫਰੋਖਤ ਦੇ ਸਬੰਧ ਵਿਚ ਧੋਖਾਧੜੀ ਕੀਤੀ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਰਵਿੰਦਰ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਕਾਰ ਦੀ ਐਡ ਦੇਖਣ ਮਗਰੋਂ ਮੋਹਾਲੀ ਨਿਵਾਸੀ ਦੋਸ਼ੀ ਅਜੇ ਨਾਲ ਸੰਪਰਕ ਕੀਤਾ ਸੀ। ਇਸ ਤੋਂ ਬਾਅਦ ਦੋਸ਼ੀ ਦਿੱਲੀ ਤੋਂ ਕਾਰ ਲੈ ਕੇ ਖੁਦ ਉਨ੍ਹਾਂ ਦੇ ਘਰ ਪਹੁੰਚ ਗਿਆ ਅਤੇ ਦਾਅਵਾ ਕੀਤਾ ਕਿ ਕਾਰ ਫਰਸਟ ਆਨਰ (ਪਹਿਲਾ ਮਾਲਕ) ਹੈ ਅਤੇ ਗੱਡੀ ਦੀ ਕੰਡੀਸ਼ਨ ਦੀ ਪੂਰੀ ਗਾਰੰਟੀ ਦਿੱਤੀ। ਗਾਇਕ ਨੇ ਅੱਗੇ ਦੱਸਿਆ ਕਿ ਕਾਰ ਖਰੀਦਣ ਦੇ ਬਾਅਦ ਦੋਸ਼ੀ ਕਰੀਬ 6 ਮਹੀਨੇ ਤੱਕ ਕਾਰ ਦੀ ਦੇਣ ਵਿੱਚ ਟਾਲ-ਮਟੋਲ ਕਰਦੇ ਰਹੇ। ਜਦੋਂ ਜੁਲਾਈ ਵਿੱਚ ਆਈ ਤਾਂ ਉਸ 'ਤੇ ਥਰਡ ਆਨਰ (ਤੀਜਾ ਮਾਲਕ) ਲਿਖਿਆ ਹੋਇਆ ਸੀ। ਸ਼ੱਕ ਹੋਣ 'ਤੇ ਜਦੋਂ ਉਨ੍ਹਾਂ ਨੇ ਖੁਦ ਦਫਤਰ ਜਾ ਕੇ ਜਾਂਚ ਕਰਵਾਈ ਤਾਂ ਸਿਸਟਮ ਵਿੱਚ ਕਾਰ ਫੋਰਥ ਆਨਰ (ਚੌਥੇ ਮਾਲਕ) ਵਜੋਂ ਰਜਿਸਟਰਡ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਨਾਲ ਠੱਗੀ ਦਾ ਅਹਿਸਾਸ ਹੋਇਆ। ਗਾਇਕ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੂੰ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇਸਲਾਮਾਬਾਦ ਦੇ ਇੱਕ ਸਰਕਾਰੀ ਹਸਪਤਾਲ 'ਚ ਅੱਗ ਲੱਗਣ ਕਾਰਨ 14 ਨਵਜੰਮੇ ਬੱਚਿਆਂ ਦੀ ਮੌਤ

ਪਾਕਿਸਤਾਨ 'ਚ ਸੋਗ ਦੀ ਲਹਿਰ, ਪੀੜਤ ਮਾਪਿਆਂ ਤੇ ਰਿਸ਼ਤੇਦਾਰਾਂ 'ਚ ਭਰਿਆ ਗੁੱਸਾ



ਇਸਲਾਮਾਬਾਦ, 27 ਅਗਸਤ: ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਸਥਿਤ ਪਾਕਿਸਤਾਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ (ਪੀ.ਆਈ.ਐਮ.ਐਸ) ਹਸਪਤਾਲ ਦੇ ਮੈਟਰਨਲ ਐਂਡ ਚਾਈਲਡ ਕੇਅਰ (ਐਮ.ਸੀ.ਐਚ) ਵਾਰਡ ਦੀ ਨਰਸਰੀ ਵਿੱਚ ਅੱਗ ਲੱਗਣ ਕਾਰਨ 14 ਨਵਜੰਮੇ ਬੱਚਿਆਂ ਦੀ ਦੁਖਦਾਈ ਮੌਤ ਹੋ ਗਈ। ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਤੋਂ ਬਾਅਦ ਬੱਚਿਆਂ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਵਿੱਚ ਬਹੁਤ ਗੁੱਸਾ ਅਤੇ ਡੂੰਘਾ ਦੁੱਖ ਹੈ।

ਇਹ ਦੁਖਦਾਈ ਘਟਨਾ ਇਸਲਾਮਾਬਾਦ ਦੇ ਸਭ ਤੋਂ ਵੱਡੇ ਸਰਕਾਰੀ ਹਸਪਤਾਲ, ਪਾਕਿਸਤਾਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ ਦੀ ਤੀਜੀ ਮੰਜਿਲ 'ਤੇ ਸਥਿਤ ਨਰਸਰੀ ਵਾਰਡ ਵਿੱਚ ਵਾਪਰੀ ਹੈ। ਆਪਣੇ ਮਾਸੂਮ ਬੱਚਿਆਂ ਨੂੰ ਗੁਆਉਣ ਵਾਲੇ ਮਾਪਿਆਂ ਨੇ ਦੋਸ਼ ਲਗਾਇਆ ਹੈ ਕਿ ਜਿਸ ਸਮੇਂ ਇਹ ਹਾਦਸਾ ਵਾਪਰਿਆ, ਉਸ ਸਮੇਂ ਪੀਡੀਆਟ੍ਰਿਕ ਆਈ.ਸੀ.ਯੂ ਅਤੇ ਨਰਸਰੀ ਵਾਰਡਾਂ ਵਿੱਚ ਕੋਈ ਡਾਕਟਰ ਜਾਂ ਨਰਸ ਮੌਜੂਦ ਨਹੀਂ ਸੀ। ਮਾਪਿਆਂ ਦਾ ਦੋਸ਼ ਹੈ ਕਿ ਐਮਰਜੈਂਸੀ ਵਿੱਚ ਬੱਚਿਆਂ ਨੂੰ ਬਚਾਉਣ ਲਈ ਉਕਤ ਸਥਾਨ 'ਤੇ ਕੋਈ ਵੀ ਸਹੂਲਤ ਨਹੀਂ ਸੀ। ਪ੍ਰਭਾਵਿਤ ਪਰਿਵਾਰਾਂ ਅਤੇ ਚਸਮਦੀਦਾਂ ਨੇ ਦੱਸਿਆ ਕਿ ਜਦੋਂ ਅੱਗ ਲੱਗੀ ਤਾਂ ਵਾਰਡ ਦਾ ਮੁੱਖ ਦਰਵਾਜਾ ਬਾਹਰੋਂ ਬੰਦ ਸੀ, ਜਿਸ ਕਾਰਨ ਲੋਕ ਅੰਦਰ ਫਸ ਗਏ। ਇਸ ਘਟਨਾ ਦੇ ਵਾਪਰਨ ਸਣੇ ਲੋਕਾਂ ਵਿਚ ਹਫੜਾ-ਦਫੜੀ ਮਚ ਗਈ। ਸ਼ੁਰੂਆਤੀ ਭਗਦੜ ਦੌਰਾਨ ਹਸਪਤਾਲ ਦੇ ਸੁਰੱਖਿਆ ਗਾਰਡਾਂ ਨੇ ਲੋਕਾਂ ਨੂੰ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਲੋਕਾਂ ਨੂੰ ਖੁਦ ਦਰਵਾਜੇ ਅਤੇ ਖਿੜਕੀਆਂ ਤੋੜ ਕੇ ਬਾਹਰ ਆਉਣ ਲਈ ਮਜਬੂਰ ਹੋਣਾ ਪਿਆ। ਘਟਨਾ ਦੌਰਾਨ ਜਿਨ੍ਹਾਂ ਮਾਵਾਂ ਨੇ ਆਪਣੇ ਬੱਚਿਆਂ ਨੂੰ ਗੁਆ ਦਿੱਤਾ, ਉਨ੍ਹਾਂ ਨੇ ਰੋਂਦੇ ਹੋਏ ਕਿਹਾ ਕਿ ਉਨ੍ਹਾਂ ਨੇ ਘਟਨਾ ਦੌਰਾਨ ਦੋ ਘੰਟਿਆਂ ਤੱਕ ਮਦਦ ਮੰਗੀ, ਪਰ ਬਚਾਅ ਟੀਮਾਂ ਬਹੁਤ ਦੇਰ ਨਾਲ ਪਹੁੰਚੀਆਂ। ਜਿਸ ਕਾਰਨ ਉਨ੍ਹਾਂ ਨੇ ਬੱਚੇ ਨਹੀ ਰਹੇ। ਪਰਿਵਾਰਕ ਮੈਂਬਰਾਂ ਦਾ ਦੋਸ ਹੈ ਕਿ ਪੁਲਸ ਹਾਦਸੇ ਤੋਂ ਚਾਰ ਘੰਟੇ ਬਾਅਦ ਉਕਤ ਸਥਾਨ 'ਤੇ ਪਹੁੰਚੀ। ਪੁਲਸ ਨੇ ਇਸ ਦੌਰਾਨ ਰਾਹਤ ਕਾਰਜਾਂ ਵਿੱਚ ਮਦਦ ਕਰਨ ਦੀ ਬਜਾਏ ਮਾਮਲੇ ਦੀ ਜਾਂਚ ਕਰਨ ਦਾ ਹਵਾਲਾ ਦੇਣਾ ਸ਼ੁਰੂ ਕਰ ਦਿੱਤਾ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਨਰਸਰੀ ਵਾਰਡ ਵਿੱਚ ਇੱਕ ਖਰਾਬ ਏਅਰ ਕੰਡੀਸਨਰ (ਏ.ਸੀ) ਕੰਪ੍ਰੈਸਰ ਫਟ ਗਿਆ ਸੀ।

R-19 NEWS TV ਨੂੰ ਸਹਿਯੋਗ ਦਿਓ
ਤੁਹਾਡਾ ਸਹਿਯੋਗ, ਸਾਡੀ ਤਾਕਤ • ਸੱਚ ਅਤੇ ਭਰੋਸੇ ਲਈ ਇਕੱਠੇ
SBI Payments
ਨਵੀਨਤਮ ਭੁਗਤਾਨ, ਭਰੋਸੇ ਦੀ ਪ੍ਰੇਰਨਾ
ਭੁਗਤਾਨ/ਯੋਗਦਾਨ ਕਰਨ ਲਈ ਕਿਰਪਾ ਕਰਕੇ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ
R-19 NEWS TV
(R NINETEEN NEWS TV)
ਤੁਹਾਡਾ ਛੋਟਾ ਜਿਹਾ ਸਹਿਯੋਗ, ਸਾਡਾ ਵੱਡਾ ਮਿਸ਼ਨ
ਨਿਡਰ, ਨਿਰਪੱਖ ਅਤੇ ਸੱਚੀਆਂ ਖ਼ਬਰਾਂ ਲੋਕਾਂ ਤੱਕ ਪਹੁੰਚਾਉਣਾ।
R-19 NEWS TV ਨਾਲ ਖੜ੍ਹੇ ਰਹਿਣ ਲਈ ਤੁਹਾਡਾ ਦਿਲੋਂ ਧੰਨਵਾਦ!